ਰਜਿਸਟਰਡ ਕੰਪਨੀਆਂ 'ਚ ਹਰਿਆਣਾ ਪੰਜਾਬ ਤੋਂ ਬਹੁਤ ਅੱਗੇ

ਆਫ਼ ਦਿ ਰਿਕਾਰਡ

ਜਦੋਂ ਕਿਸੇ ਸੂਬੇ 'ਚ ਕੰਪਨੀ ਬਣਾਉਣ ਦੀ ਗੱਲ ਆਉਂਦੀ ਹੈ ਤਾਂ ਹਰਿਆਣਾ ਪੰਜਾਬ ਤੋਂ ਬਹੁਤ ਅੱਗੇ ਨਜ਼ਰ ਆਉਂਦਾ ਹੈ। ਹਰਿਆਣਾ ਨੇ 73714 ਕੰਪਨੀਆਂ ਰਜਿਸਟਰਡ ਕੀਤੀਆਂ। ਪੰਜਾਬ 21296 ਨਾਲ ਬਹੁਤ ਪਿੱਛੇ ਹੈ। ਦਿਲਚਸਪ ਗੱਲ ਇਹ ਹੈ ਕਿ 79471 ਕੰਪਨੀਆਂ ਨਾਲ ਗੁਜਰਾਤ ਹਰਿਆਣਾ ਤੋਂ ਥੋੜ੍ਹਾ ਅੱਗੇ ਹੈ।

ਹਾਲਾਂਕਿ, ਰਜਿਸਟਰਡ ਕੰਪਨੀਆਂ ਦੀ ਸਭ ਤੋਂ ਵੱਧ ਗਿਣਤੀ ਦੇ ਮਾਮਲੇ 'ਚ ਮਹਾਰਾਸ਼ਟਰ ਦੇਸ਼ 'ਚ ਸਭ ਤੋਂ ਅੱਗੇ ਹੈ। 31 ਜਨਵਰੀ, 2026 ਤੱਕ ਦੇਸ਼ 'ਚ ਰਜਿਸਟਰਡ 15 ਲੱਖ ਕੰਪਨੀਆਂ 'ਚੋਂ ਮਹਾਰਾਸ਼ਟਰ 2.68 ਲੱਖ ਕੰਪਨੀਆਂ ਨਾਲ ਸਭ ਤੋਂ ਅੱਗੇ ਹੈ। ਦਿੱਲੀ 1 ਲੱਖ 60 ਹਜ਼ਾਰ ਕੰਪਨੀਆਂ ਨਾਲ ਦੂਜੇ ਨੰਬਰ 'ਤੇ ਹੈ। ਉਸ ਤੋਂ ਬਾਅਦ ਉੱਤਰ ਪ੍ਰਦੇਸ਼ ਦਾ ਨੰਬਰ ਆਉਂਦਾ ਹੈ ਜਿੱਥੇ 1,50,000 ਕੰਪਨੀਆਂ ਰਜਿਸਟਰਡ ਹਨ।

ਇਸ ਤੋਂ ਪਹਿਲਾਂ ਲੋਕ ਸਭਾ ਨੂੰ ਇਹ ਜਾਣਕਾਰੀ ਦਿੰਦੇ ਹੋਏ ਸਰਕਾਰ ਨੇ ਕਿਹਾ ਸੀ ਕਿ 2016 'ਚ ਕੰਪਨੀਆਂ ਦੇ ਗਠਨ ਤੇ ਸੀਮਤ ਦੇਣਦਾਰੀ ਵਾਲੀ ਭਾਈਵਾਲੀ ਦੀ ਰਜਿਸਟ੍ਰੇਸ਼ਨ 'ਤੇ ਕੇਂਦ੍ਰਿਤ ਇਕ ਕੇਂਦਰੀਕ੍ਰਿਤ ਪੋਰਟਲ ਬਣਾਇਆ ਗਿਆ ਹੈ।

2024 'ਚ ਸੈਂਟਰਲ ਪ੍ਰਾਸੈਸਿੰਗ ਸੈਂਟਰ ਵੀ ਸ਼ੁਰੂ ਕੀਤਾ ਗਿਆ ਸੀ, ਜਿਸ 'ਚ ਹੋਰ ਡਿਜੀਟਲ ਪ੍ਰਣਾਲੀਆਂ ਸ਼ਾਮਲ ਹਨ ਜੋ ਡਿ-ਕਮਿਸ਼ਨਿੰਗ ਕੰਪਨੀਆਂ ਲਈ ਅਰਜ਼ੀਆਂ ਦੀ ਪ੍ਰਕਿਰਿਆ 'ਤੇ ਕੇਂਦ੍ਰਿਤ ਸਨ। ਉਪਰੋਕਤ ਉਪਾਵਾਂ ਨੇ ਪ੍ਰਾਸੈਸਿੰਗ ਦੀ ਦੇਰੀ ਨੂੰ ਘਟਾ ਦਿੱਤਾ ਹੈ, ਪਾਰਦਰਸ਼ਤਾ 'ਚ ਸੁਧਾਰ ਕੀਤਾ ਹੈ ਅਤੇ ਪਾਲਣਾ ਲਾਗਤਾਂ ਨੂੰ ਘਟਾ ਦਿੱਤਾ ਹੈ। ਇਸ ਨਾਲ ਉੱਦਮਤਾ ਤੇ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਗਿਆ ਹੈ।

ਕਾਰਪੋਰੇਟ ਮਾਮਲਿਆਂ ਦੇ ਮੰਤਰੀ ਨੇ ਇਹ ਵੀ ਕਿਹਾ ਕਿ 1 ਜੂਨ, 2014 ਤੇ ਨਵੰਬਰ 2025 ਦਰਮਿਆਨ 846 ਕੰਪਨੀਆਂ ਨੇ ਆਪਣੀਆਂ ਇਕਾਈਆਂ ਗੁਜਰਾਤ ਤੋਂ ਬਾਹਰ ਤਬਦੀਲ ਕੀਤੀਆਂ। ਇਹ ਅਜੀਬ ਗੱਲ ਨਹੀਂ ਹੈ ਕਿਉਂਕਿ ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਤੋਂ 760 ਕੰਪਨੀਆਂ ਗੁਜਰਾਤ 'ਚ ਤਬਦੀਲ ਹੋਈਆਂ ਹਨ।

ਕੁੱਲ ਮਿਲਾ ਕੇ 1 ਜੂਨ, 2014 ਤੇ 1 ਨਵੰਬਰ, 2025 ਦਰਮਿਆਨ 5137 ਕੰਪਨੀਆਂ ਨੇ ਆਪਣੇ ਰਜਿਸਟਰਡ ਦਫਤਰ ਗੁਜਰਾਤ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਉੱਤਰ ਪ੍ਰਦੇਸ਼ ਤੋਂ ਦੂਜੇ ਸੂਬਿਆਂ 'ਚ ਤਬਦੀਲ ਕੀਤੇ ਹਨ।

ਬੰਬਾਂ ਦੇ ਸਾਏ ਹੇਠ ਵੀ ਨਹੀਂ ਰੁਕਦੀ ਜ਼ਿੰਦਗੀ, ਹੌਲੀ-ਹੌਲੀ ਸੰਭਲ ਰਿਹੈ ਤਹਿਰਾਨ

ਈਰਾਨ ਦੀ ਰਾਜਧਾਨੀ ਵਿਚ ਖ਼ਤਰੇ ਅਤੇ ਅਨਿਸ਼ਚਿਤਤਾ ਵਿਚਾਲੇ ਜਾਰੀ ਹੈ ਜ਼ਿੰਦਗੀ ਦੀ ਜੱਦੋ-ਜਹਿਦ

■ ਡਰਾਈਵਰ, ਕਾਰੀਗਰ ਅਤੇ ਡਿਲੀਵਰੀ ਕਰਨ ਵਾਲੇ ਅਜੇ ਵੀ ਕੰਮ 'ਤੇ ਡਟੇ

ਨਵੀਂ ਦਿੱਲੀ, 10 ਮਾਰਚ (ਵਿਸ਼ੇਸ਼)-ਜਦੋਂ ਕਿਸੇ ਸ਼ਹਿਰ 'ਤੇ ਬੰਬ ਡਿੱਗਦੇ ਹਨ ਤਾਂ ਸਭ ਤੋਂ ਪਹਿਲਾਂ ਸੰਨਾਟਾ ਪਸਰ ਜਾਂਦਾ ਹੈ ਪਰ ਜੰਗ ਦੇ ਵਿਚਕਾਰ ਵੀ ਜ਼ਿੰਦਗੀ ਪੂਰੀ ਤਰ੍ਹਾਂ ਨਹੀਂ ਰੁਕਦੀ। ਬੰਬਾਂ ਦੇ ਸਾਏ ਹੇਠ ਜੀ ਰਹੀ ਈਰਾਨ ਦੀ ਰਾਜਧਾਨੀ ਤਹਿਰਾਨ ਦੀ ਤਸਵੀਰ ਵੀ ਕੁਝ ਅਜਿਹੀ ਹੀ ਹੈ। ਇੱਥੇ ਲਗਾਤਾਰ ਬੰਬ ਡਿੱਗ ਰਹੇ ਹਨ, ਆਸਮਾਨ ਵਿਚ ਧੂੰਏਂ ਦੇ ਗੁਬਾਰ ਹਨ ਅਤੇ ਕਈ ਸੜਕਾਂ ਲੱਗਭਗ ਸੁੰਨਸਾਨ ਹਨ, ਇਸ ਦੇ ਬਾਵਜੂਦ ਸ਼ਹਿਰ 'ਚ ਜ਼ਿੰਦਗੀ ਪੂਰੀ ਤਰ੍ਹਾਂ ਨਹੀਂ ਰੁਕੀ ਹੈ। ਹਜ਼ਾਰਾਂ ਆਮ ਕਾਮੇ, ਡਰਾਈਵਰ, ਕਾਰੀਗਰ, ਡਿਲੀਵਰੀ ਕਰਨ ਵਾਲੇ ਅਤੇ ਦੁਕਾਨਦਾਰ ਅਜੇ ਵੀ ਆਪਣੇ ਕੰਮ 'ਤੇ ਡਟੇ ਹੋਏ ਹਨ ਤਾਂ ਜੋ ਰੋਜ਼ਾਨਾ ਦੀ ਜ਼ਿੰਦਗੀ ਚਲਦੀ ਰਹੇ।

ਸ਼ਹਿਰ ਦੇ ਕੁਝ ਹਿੱਸਿਆਂ ਵਿਚ ਨਗਰ ਨਿਗਮ ਦੇ ਕਰਮਚਾਰੀ ਵੀ ਕੰਮ ਕਰਦੇ ਦਿਖਾਈ ਦੇ ਰਹੇ ਹਨ। ਪੱਛਮੀ ਤਹਿਰਾਨ ਵਿਚ ਸੜਕ ਦੇ ਕਿਨਾਰੇ ਮੁਰੰਮਤ ਕਰ ਰਹੇ ਇਕ ਕਰਮਚਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਅਜੇ ਤੱਕ ਘਰ ਜਾਣ ਲਈ ਨਹੀਂ ਕਿਹਾ ਗਿਆ। ਉਨ੍ਹਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣਾ ਕੰਮ ਜਾਰੀ ਰੱਖਣ। ਸੜਕਾਂ 'ਤੇ ਸੁਰੱਖਿਆ ਫੋਰਸਾਂ ਦੀ ਭਾਰੀ ਮੌਜੂਦਗੀ ਹੈ। ਕਈ ਥਾਵਾਂ 'ਤੇ ਹਥਿਆਰਬੰਦ ਜਵਾਨਾਂ ਨੇ ਚੌਕੀਆਂ ਬਣਾਈਆਂ ਹੋਈਆਂ ਹਨ।

ਹਜ਼ਾਰਾਂ ਤਹਿਰਾਨੀ ਨਿਵਾਸੀ ਇਜ਼ਰਾਈਲ ਅਤੇ ਅਮਰੀਕਾ ਦੇ ਲਗਾਤਾਰ ਹਵਾਈ ਹਮਲਿਆਂ ਦੇ ਵਿਚਕਾਰ ਵੀ ਕੰਮ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ਹਿਰ ਨੂੰ ਚਲਦਾ ਰੱਖਣ ਲਈ ਕਿਸੇ ਨਾ ਕਿਸੇ ਨੂੰ ਤਾਂ ਕੰਮ ਕਰਨਾ ਹੀ ਪਵੇਗਾ। ਟੈਕਸੀ ਚਾਲਕ ਧੂੰਏਂ ਨਾਲ ਭਰੇ ਆਸਮਾਨ ਦੇ ਹੇਠਾਂ ਸੜਕਾਂ 'ਤੇ ਚੱਲ ਰਹੇ ਹਨ ਅਤੇ ਲੋਕ ਆਪਣੇ ਜ਼ਰੂਰੀ ਕੰਮਾਂ ਲਈ ਬਾਹਰ ਨਿਕਲ ਰਹੇ ਹਨ। ਉੱਥੇ ਹੀ ਜੋ ਲੋਕ ਬੰਬਾਰੀ ਦੇ ਡਰੋਂ ਘਰਾਂ ਵਿਚ ਕੈਦ ਹਨ, ਉਹ ਭੋਜਨ ਅਤੇ ਜ਼ਰੂਰੀ ਸਾਮਾਨ ਮੰਗਵਾਉਣ ਲਈ ਮੋਟਰਸਾਈਕਲ ਜਾਂ ਸਾਈਕਲ ਰਾਹੀਂ ਡਿਲੀਵਰੀ ਕਰਨ ਵਾਲੇ ਲੋਕਾਂ 'ਤੇ ਨਿਰਭਰ ਹੋ ਗਏ ਹਨ। ਇਸ ਸਥਿਤੀ ਦੇ ਵਿਚਕਾਰ ਪੈਟਰੋਲ ਪੰਪਾਂ 'ਤੇ ਲੰਬੀਆਂ ਕਤਾਰਾਂ ਲੱਗ ਗਈਆਂ ਹਨ। ਕਈ ਲੋਕ 20 ਲੀਟਰ ਪੈਟਰੋਲ ਲੈਣ ਲਈ ਘੰਟਿਆਂਬੱਧੀ ਇੰਤਜ਼ਾਰ ਕਰ ਰਹੇ ਹਨ, ਜੋ ਕਿ ਆਮ ਕੋਟੇ ਨਾਲੋਂ ਲੱਗਭਗ ਇਕ ਤਿਹਾਈ ਘੱਟ ਹੈ।

ਤਹਿਰਾਨ : ਕਾਰ ਦੀ ਖਿੜਕੀ 'ਚੋਂ ਬਾਹਰ ਨਿਕਲਿਆ ਇਕ ਬੱਚਾ।

ਆਉਣ ਵਾਲਾ ਹੈ 'ਨੌਰੋਜ਼', ਖੁੱਲ੍ਹਣ ਲੱਗੀਆਂ ਦੁਕਾਨਾਂ

ਫ਼ਾਰਸੀ ਨਵੇਂ ਸਾਲ 'ਨੌਰੋਜ਼' ਆਉਣ ਵਿਚ ਦੋ ਹਫ਼ਤਿਆਂ ਤੋਂ ਵੀ ਘੱਟ ਸਮਾਂ ਬਾਕੀ ਹੈ। ਆਮ ਹਾਲਤਾਂ ਵਿਚ ਇਸ ਸਮੇਂ ਬਾਜ਼ਾਰਾਂ ਵਿਚ ਭਾਰੀ ਭੀੜ ਹੁੰਦੀ ਹੈ ਪਰ ਇਸ ਵਾਰ ਬਾਜ਼ਾਰ ਲੱਗਭਗ ਖਾਲੀ ਹਨ। ਹਾਲਾਂਕਿ ਸ਼ਨੀਵਾਰ ਤੋਂ, ਜੋ ਕਿ ਈਰਾਨ 'ਚ ਹਫ਼ਤੇ ਦਾ ਪਹਿਲਾ ਕੰਮਕਾਜੀ ਦਿਨ ਹੁੰਦਾ ਹੈ, ਕਈ ਕਾਰੋਬਾਰ ਹੌਲੀ-ਹੌਲੀ ਫਿਰ ਤੋਂ ਖੁੱਲ੍ਹਣ ਲੱਗੇ ਹਨ।

ਸਰਕਾਰੀ ਦਫ਼ਤਰਾਂ ਅਤੇ ਬੈਂਕਾਂ ਵਿਚ ਵੀ ਕੰਮ ਸ਼ੁਰੂ

ਸਰਕਾਰੀ ਦਫ਼ਤਰਾਂ ਅਤੇ ਬੈਂਕਾਂ ਨੇ ਐਤਵਾਰ ਤੋਂ ਸੀਮਤ ਪੱਧਰ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਲੱਗਭਗ 20 ਫੀਸਦੀ ਕਰਮਚਾਰੀ ਦਫ਼ਤਰ ਆ ਰਹੇ ਹਨ। ਸਰਕਾਰ ਨੇ ਮਹਿਲਾ ਕਰਮਚਾਰੀਆਂ ਨੂੰ ਘਰੋਂ ਕੰਮ (ਵਰਕ ਫ਼ਰਾਮ ਹੋਮ) ਕਰਨ ਦੀ ਇਜਾਜ਼ਤ ਦਿੱਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਦੇਸ਼ ਦੇ ਤੇਲ ਭੰਡਾਰ ਸੁਰੱਖਿਅਤ ਹਨ ਅਤੇ ਬੰਦਰਗਾਹਾਂ ਆਮ ਵਾਂਗ ਕੰਮ ਕਰ ਰਹੀਆਂ ਹਨ।

ਪਰਤਣ ਲੱਗੇ ਸ਼ਹਿਰ ਛੱਡ ਕੇ ਜਾਣ ਵਾਲੇ ਲੋਕ

ਕੁਝ ਅਜਿਹੇ ਸੰਕੇਤ ਵੀ ਮਿਲੇ ਹਨ ਕਿ ਜੋ ਲੋਕ ਪਿਛਲੇ ਦਿਨੀਂ ਸ਼ਹਿਰ ਛੱਡ ਕੇ ਗਏ ਸਨ, ਉਨ੍ਹਾਂ ਵਿਚੋਂ ਕੁਝ ਵਾਪਸ ਆਉਣ ਲੱਗੇ ਹਨ। ਤਹਿਰਾਨ ਨੂੰ ਕੈਸਪੀਅਨ ਸਾਗਰ ਦੇ ਕੰਢੇ ਸ਼ਹਿਰਾਂ ਨਾਲ ਜੋੜਨ ਵਾਲੀ ਚਾਲੂਸ ਸੜਕ ਨੂੰ ਆਰਜ਼ੀ ਤੌਰ 'ਤੇ ਰਾਜਧਾਨੀ ਵੱਲ ਆਉਣ ਵਾਲੇ ਵਾਹਨਾਂ ਲਈ ਵਨ ਵੇਅ ਕਰ ਦਿੱਤਾ ਗਿਆ ਹੈ।

ਤਣਾਅ ਦੇ ਵਿਚਕਾਰ ਵੀ ਦੁਬਈ ਸ਼ਾਂਤ

ਮੱਧ-ਪੂਰਬ ਦੇ ਕਈ ਹਿੱਸਿਆਂ ਵਿਚ ਵਧਦੇ ਤਣਾਅ ਦੇ ਵਿਚਕਾਰ ਵੀ ਦੁਬਈ ਅੱਜ ਵੀ ਸ਼ਾਂਤੀ, ਸਥਿਰਤਾ ਅਤੇ ਵਿਕਾਸ ਦਾ ਪ੍ਰਤੀਕ ਬਣਿਆ ਹੋਇਆ ਹੈ। ਆਪਣੀ ਸਥਿਰ ਵਿਵਸਥਾ ਅਤੇ ਤੇਜ਼ ਵਿਕਾਸ ਲਈ ਜਾਣਿਆ ਜਾਣ ਵਾਲਾ ਇਹ ਸ਼ਹਿਰ ਅਸ਼ਾਂਤ ਮਾਹੌਲ ਦੇ ਵਿਚਕਾਰ ਵੀ ਸ਼ਾਂਤੀ ਦੀ ਮਿਸਾਲ ਬਣਿਆ ਹੋਇਆ ਹੈ। ਦੁਬਈ ਇਹ ਸਾਬਿਤ ਕਰਦਾ ਹੈ ਕਿ ਇਕਜੁੱਟਤਾ, ਮਜ਼ਬੂਤ ਪ੍ਰਸ਼ਾਸਨ ਅਤੇ ਦ੍ਰਿੜ ਇਰਾਦੇ ਦੇ ਦਮ 'ਤੇ ਮੁਸ਼ਕਲ ਹਾਲਾਤਾਂ ਨੂੰ ਵੀ ਸੰਭਾਲਿਆ ਜਾ ਸਕਦਾ ਹੈ। ਇਲਾਕੇ ਵਿਚ ਤਣਾਅ ਦੇ ਬਾਵਜੂਦ ਦੁਬਈ ਵਿਚ ਜਨਜੀਵਨ ਆਮ ਅਤੇ ਵਿਵਸਥਿਤ ਬਣਿਆ ਹੋਇਆ ਹੈ।

ਪਿਛਲੇ 15 ਸਾਲਾਂ ਤੋਂ ਦੁਬਈ ਵਿਚ ਰਹਿ ਰਹੇ ਆਰੀਆਮਨ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਵਿਚ ਖੇਤਰੀ ਤਣਾਅ ਨੇ ਕਈ ਦੇਸ਼ਾਂ ਨੂੰ ਪ੍ਰਭਾਵਿਤ ਕੀਤਾ ਹੈ ਪਰ ਦੁਬਈ ਵਿਚ ਉਹ ਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਉਸ ਨੇ ਕਿਹਾ ਕਿ ਯੂ.ਏ.ਈ. ਦੇ ਨੇਤਾਵਾਂ ਨੇ ਨਾਗਰਿਕਾਂ ਅਤੇ ਵਸਨੀਕਾਂ ਨੂੰ ਵਾਰ-ਵਾਰ ਭਰੋਸਾ ਦਿਵਾਇਆ ਹੈ ਕਿ ਹਾਲ ਹੀ ਦੇ ਦਿਨਾਂ ਵਿਚ ਸੁਣਾਈ ਦੇਣ ਵਾਲੀਆਂ ਤੇਜ਼ ਆਵਾਜ਼ਾਂ ਆਉਣ ਵਾਲੀਆਂ ਮਿਜ਼ਾਈਲਾਂ ਅਤੇ ਡਰੋਨਾਂ ਨੂੰ ਰਸਤੇ ਵਿਚ ਹੀ ਰੋਕਣ ਦੀ ਕਾਰਵਾਈ ਦਾ ਨਤੀਜਾ ਸਨ ਅਤੇ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਸ ਨੇ ਸਪੱਸ਼ਟ ਕਿਹਾ ਕਿ ਯੂ.ਏ.ਈ. ਵਿਚ ਕਿਸੇ ਤਰ੍ਹਾਂ ਦਾ ਯੁੱਧ ਵਰਗਾ ਮਾਹੌਲ ਨਹੀਂ ਹੈ। ਦੁਬਈ ਵਿਚ ਜੀਵਨ ਅਜੇ ਵੀ ਸਥਿਰ ਅਤੇ ਆਮ ਬਣਿਆ ਹੋਇਆ ਹੈ।

ਅਮਰੀਕੀ 'ਟੌਮਹਾਕ' ਮਿਜ਼ਾਈਲ ਨਾਲ ਹੋਇਆ ਸੀ ਈਰਾਨੀ ਸਕੂਲ 'ਤੇ ਹਮਲਾ

ਇਕ ਨਵੇਂ ਵੀਡੀਓ ਫੁਟੇਜ ਨਾਲ ਇਹ ਸ਼ੱਕ ਮਜ਼ਬੂਤ ਹੋਇਆ ਹੈ ਕਿ ਅਮਰੀਕਾ ਨੇ ਦੱਖਣੀ ਈਰਾਨ ਵਿਚ ਇਕ ਕੰਪਲੈਕਸ 'ਤੇ ਆਪਣੀ 'ਟੌਮਹਾਕ' ਮਿਜ਼ਾਈਲ ਨਾਲ ਹਮਲਾ ਕੀਤਾ ਸੀ। ਇਹ ਕੰਪਲੈਕਸ ਉਸ ਸਕੂਲ ਦੇ ਕੋਲ ਸਥਿਤ ਹੈ, ਜਿੱਥੇ ਪੱਛਮੀ ਏਸ਼ੀਆ ਵਿਚ ਜਾਰੀ ਜੰਗ ਦੀ ਸ਼ੁਰੂਆਤ ਵਿਚ ਹੋਏ ਧਮਾਕੇ 'ਚ 165 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ।

ਜਾਂਚਕਰਤਾਵਾਂ ਦਾ ਕਹਿਣਾ ਹੈ ਕਿ 28 ਫ਼ਰਵਰੀ ਨੂੰ ਹੋਇਆ ਇਹ ਹਮਲਾ ਈਰਾਨ ਦੇ ਮਿਨਾਬ ਸ਼ਹਿਰ ਵਿਚ ਇਸਲਾਮਿਕ ਰਵੋਲਿਊਸ਼ਨਰੀ ਗਾਰਡ ਕਾਰਪਸ ਦੇ ਇਕ ਟਿਕਾਣੇ ਦੇ ਕੋਲ ਸਥਿਤ ਸਕੂਲ ਦੇ ਨੇੜੇ ਹੋਇਆ ਸੀ। ਇਹ ਖੇਤਰ ਹੋਰਮੋਜ਼ਗਾਨ ਸੂਬੇ ਵਿਚ ਆਉਂਦਾ ਹੈ।

ਇਸ ਹਮਲੇ ਦੀ ਇਕ ਨਵੀਂ ਵੀਡੀਓ ਸਾਹਮਣੇ ਆਈ ਹੈ, ਜਿਸ ਦੀ ਜਾਂਚ 'ਬੇਲਿੰਗਕੈਟ' ਨਾਂ ਦੇ ਜਾਂਚ ਸਮੂਹ ਨੇ ਕੀਤੀ ਹੈ। ਇਸ ਵੀਡੀਓ ਵਿਚ ਇਕ ਮਿਜ਼ਾਈਲ ਨੂੰ ਇਮਾਰਤ ਨਾਲ ਟਕਰਾਉਣ ਤੋਂ ਬਾਅਦ ਆਸਮਾਨ ਵਿਚ ਕਾਲਾ ਧੂੰਆਂ ਉੱਠਦਾ ਦੇਖਿਆ ਗਿਆ ਹੈ। ਇਸ ਵੀਡੀਓ ਦੀ ਭੂਗੋਲਿਕ ਸਥਿਤੀ ਦੀ ਜਾਂਚ ਵਿਚ ਪਾਇਆ ਗਿਆ ਕਿ ਇਸ ਨੂੰ ਸਕੂਲ ਦੇ ਕੋਲ ਦੇ ਹੀ ਇਲਾਕੇ ਤੋਂ ਰਿਕਾਰਡ ਕੀਤਾ ਗਿਆ ਸੀ, ਜਿੱਥੇ ਪਹਿਲਾਂ ਤੋਂ ਹੀ ਧੂੰਆਂ ਉੱਠ ਰਿਹਾ ਸੀ।

ਲਿਬਨਾਨ : ਇਜ਼ਰਾਈਲੀ ਹਮਲੇ ਵਿਚ ਤਬਾਹ ਹੋਈ ਇਮਾਰਤ ਕੋਲ ਖੜ੍ਹਾ ਇਕ ਵਿਅਕਤੀ।

ਈਰਾਨੀਆਂ ਨੂੰ ਮੁਕਤੀ ਦਿਵਾਉਣ ਵਿਚ ਮਦਦ ਕਰ ਸਕਦਾ ਹੈ ਇਜ਼ਰਾਈਲ : ਨੇਤਨਯਾਹੂ

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਇਜ਼ਰਾਈਲ ਈਰਾਨੀਆਂ ਨੂੰ 'ਤਾਨਾਸ਼ਾਹੀ ਸ਼ਾਸਨ ਤੋਂ ਮੁਕਤੀ' ਦਿਵਾਉਣ ਵਿਚ ਮਦਦ ਕਰ ਸਕਦਾ ਹੈ ਪਰ ਦੇਸ਼ ਵਿਚ ਕੋਈ ਵੀ ਰਾਜਨੀਤਕ ਤਬਦੀਲੀ ਅੰਤ ਵਿਚ ਉੱਥੋਂ ਦੀ ਜਨਤਾ 'ਤੇ ਹੀ ਨਿਰਭਰ ਕਰੇਗੀ। ਰਾਸ਼ਟਰੀ ਸਿਹਤ ਕਮਾਂਡ ਕੇਂਦਰ ਪਹੁੰਚੇ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਦੀ ਮੁਹਿਮ ਈਰਾਨੀ ਲੀਡਰਸ਼ਿਪ ਨੂੰ ਕਮਜ਼ੋਰ ਕਰ ਰਹੀ ਹੈ। ਨੇਤਨਯਾਹੂ ਨੇ ਕਿਹਾ, 'ਸਾਡੀ ਇੱਛਾ ਈਰਾਨੀ ਜਨਤਾ ਨੂੰ ਤਾਨਾਸ਼ਾਹੀ ਸ਼ਾਸਨ ਤੋਂ ਮੁਕਤੀ ਦਿਵਾਉਣਾ ਹੈ। ਅੰਤ ਵਿਚ ਇਹ ਉਨ੍ਹਾਂ 'ਤੇ ਹੀ ਨਿਰਭਰ ਹੈ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਹੁਣ ਤੱਕ ਕੀਤੀਆਂ ਗਈਆਂ ਕਾਰਵਾਈਆਂ ਰਾਹੀਂ ਅਸੀਂ ਉਨ੍ਹਾਂ ਦੀਆਂ ਹੱਡੀਆਂ ਤੋੜ ਰਹੇ ਹਾਂ ਅਤੇ ਅਸੀਂ ਅਜੇ ਵੀ ਮੁਹਿਮ ਜਾਰੀ ਰੱਖੀ ਹੋਈ ਹੈ।'

ਉਨ੍ਹਾਂ ਕਿਹਾ ਕਿ ਜੇਕਰ ਇਜ਼ਰਾਈਲ ਈਰਾਨੀ ਲੋਕਾਂ ਨਾਲ ਮਿਲ ਕੇ ਸਫਲ ਹੁੰਦਾ ਹੈ, ਤਾਂ ਉਹ ਸਥਾਈ ਬਦਲਾਅ ਲਿਆਂ ਸਕਦਾ ਹੈ। ਨੇਤਨਯਾਹੂ ਨੇ ਅੱਗੇ ਕਿਹਾ, 'ਜੇਕਰ ਅਸੀਂ ਈਰਾਨੀ ਜਨਤਾ ਨਾਲ ਮਿਲ ਕੇ ਸਫਲ ਹੁੰਦੇ ਹਾਂ, ਤਾਂ ਅਸੀਂ ਰਾਸ਼ਟਰਾਂ ਦੇ ਜੀਵਨ ਵਿਚ ਇਸ ਤਰ੍ਹਾਂ ਦੀਆਂ ਚੀਜ਼ਾਂ (ਤਾਨਾਸ਼ਾਹੀ) ਦੀ ਹੋਂਦ ਨੂੰ ਸਥਾਈ ਤੌਰ 'ਤੇ ਖ਼ਤਮ ਕਰ ਦਿਆਂਗੇ।'

ਅਮਰੀਕਾ ਨੇ ਜੰਗ ਦੇ ਪਹਿਲੇ 2 ਦਿਨਾਂ ਵਿਚ ਖ਼ਰਚੇ 5.6 ਅਰਬ ਡਾਲਰ

ਈਰਾਨ ਨਾਲ ਜਾਰੀ ਜੰਗ ਦੇ ਪਹਿਲੇ ਦੋ ਦਿਨਾਂ ਵਿਚ ਅਮਰੀਕਾ ਨੇ ਕਰੀਬ 5.6 ਅਰਬ ਡਾਲਰ ਖ਼ਰਚ ਕੀਤੇ ਹਨ। ਅਮਰੀਕੀ ਰੱਖਿਆ ਮੰਤਰਾਲੇ ਪੈਂਟਾਗਨ ਨੇ ਸੰਸਦ (ਕਾਂਗਰਸ) ਨੂੰ ਦਿੱਤੀ ਇਕ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ ਹੈ। ਰਿਪੋਰਟ ਮੁਤਾਬਕ, ਜੰਗ ਦੇ ਸ਼ੁਰੂਆਤੀ ਦਿਨਾਂ ਵਿਚ ਅਮਰੀਕੀ ਫੌਜ ਨੇ ਲੰਬੀ ਦੂਰੀ ਦੀਆਂ 'ਪ੍ਰੀਸੀਜ਼ਨ-ਗਾਈਡਡ ਮਿਊਨੀਸ਼ਨ' (ਸਟੀਕ ਨਿਸ਼ਾਨਾ ਲਗਾਉਣ ਵਾਲੇ ਹਥਿਆਰਾਂ) ਸਮੇਤ ਕਈ ਮਹਿੰਗੇ ਅਤੇ ਉੱਨਤ ਹਥਿਆਰਾਂ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ। ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਨੂੰ ਈਰਾਨ ਦੀਆਂ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨਾਂ ਨੂੰ ਰੋਕਣ ਲਈ ਵੀ ਵੱਡੀ ਗਿਣਤੀ ਵਿਚ ਏਅਰ ਡਿਫੈਂਸ ਮਿਊਨੀਸ਼ਨ (ਹਵਾਈ ਰੱਖਿਆ ਗੋਲਾ-ਬਾਰੂਦ) ਦੀ ਵਰਤੋਂ ਕਰਨੀ ਪਈ।

ਈਰਾਨ ਜੰਗ ਨਾਲ ਹੁਣ ਤੱਕ ਰੂਸ ਨੂੰ ਸਭ ਤੋਂ ਵੱਧ ਫ਼ਾਇਦਾ : ਯੂਰਪੀ ਕੌਂਸਲ

ਯੂਰਪੀ ਕੌਂਸਲ ਦੇ ਪ੍ਰਧਾਨ ਐਂਟੋਨੀਓ ਕੋਸਟਾ ਨੇ ਕਿਹਾ ਹੈ ਕਿ ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗ ਨਾਲ ਹੁਣ ਤੱਕ ਸਭ ਤੋਂ ਜ਼ਿਆਦਾ ਫ਼ਾਇਦਾ ਰੂਸ ਨੂੰ ਹੋਇਆ ਹੈ।

ਬ੍ਰਸਲਜ਼ ਵਿਚ ਯੂਰਪੀ ਸੰਘ ਦੇ ਰਾਜਦੂਤਾਂ ਨੂੰ ਸੰਬੋਧਨ ਕਰਦਿਆਂ ਕੋਸਟਾ ਨੇ ਕਿਹਾ ਕਿ ਊਰਜਾ (ਤੇਲ ਤੇ ਗੈਸ) ਦੀਆ